(i) Printed Pages : 3

(ii) Questions : 6

Roll No. ................................

Sub. Code : | 0 | 5 | 0 | 8 |

Exam. Code : | 0 | 0 | 0 | 6 |

**B.A./B.Sc. (General) 6th Sem.**

**(2054)**

**PUNJABI**

**Paper : (Elective)**

**Time Allowed : Three Hours]** **[Maximum Marks : 90**

1. (ੳ) ਕਿਸੇ **ਇੱਕ** ਕਾਵਿ ਬੰਦ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ :

(ੳ) ਆ ਸਜਨਾ ਮੂੰਹ ਦੱਸ ਕਿਦਾਈਂ ਜਾਨ ਤੇਰੇ ਤੋਂ ਵਾਰੀ
ਤੂੰਹੇ ਜਾਨ ਈਮਾਨ ਦਿਲੇ ਦਾ ਤੁੱਧ ਬਿਨ ਮੈਂ ਕਿਸ ਕਾਰੀ
ਹੂਰਾਂ ਤੇ ਗਿਲਮਾਨ ਬਹਿਸ਼ਤੀ ਚਾਹੇ ਖ਼ਲਕਤ ਸਾਰੀ
ਤੇਰੇ ਬਾਝੁ ਮੁਹੰਮਦ ਮੈਨੂੰ ਨਾ ਕੋਈ ਚੀਜ਼ ਪਿਆਰੀ

**ਜਾਂ**

(ਅ) ਖ਼ੇ ਖ਼ੁਸ਼ੀ ਹੋਈ ਸਲਵਾਹਨ ਰਾਜੇ,
ਪੂਰਨ ਆਇ ਕੇ ਜਦੋਂ ਸਲਾਮ ਕੀਤਾ।
ਖ਼ੁਸ਼ੀ ਨਾਲ ਨਾ ਮੇਉਂਦਾ ਵਿੱਚ ਜਾਮੇ,
ਗਊਆਂ ਮਣਸੀਆਂ ਅਤੇ ਪੁੰਨ ਦਾਨ ਕੀਤਾ।
ਪੂਰਨ ਵਿੱਚ ਕਚਹਿਰੀ ਦੇ ਆਣ ਬੈਠਾ,
ਲੋਕਾਂ ਸਭਨਾਂ ਵੱਲ ਧਿਆਨ ਕੀਤਾ। 10

(ਅ) ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ/ਥੀਮ ਲਿਖੋ :

(ੳ) ਕੀ ਦਿਲ ਹਾਲ ਸੁਣਾਵਾਂ ਮੈਂ

(ਅ) ਸੂਰਾ ਸੋ ਸਾਲਾਹੀਏ। 10

2. (ੳ) ਹੇਠ ਲਿਖੇ ਕਿਸੇ ਕਾਵਿ-ਬੰਦ ਜਾਂ ਵਾਰਤਕ ਟੁਕੜੀ ਦੀ ਸਾਹਿਤਕ ਆਲੋਚਨਾ ਕਰੋ :

ਜ਼ਾਲਮ ਰੋਗ ਇਸ਼ਕ ਦਾ ਮਾਰੂ।
ਬਾਝ ਦੀਦਾਰ ਨਹੀਂ ਕੋਈ ਦਾਰੂ।
ਸ਼ਹੁ ਦਰਿਆ ਉਤਰੇ ਕੋਈ ਤਾਰੂ।
ਸੌ ਡੁੱਬਦਾ ਇਕ ਤਰਦਾ ਈ।

**ਜਾਂ**

ਮਾਂ-ਪਿਆਰ ਵਿੱਚ ਲੈਣ ਨਹੀਂ, ਦੇਣ ਹੀ ਦੇਣ ਹੈ। ਇਹ ਇੱਕ ਪਾਸੜ ਰਿਸ਼ਤਾ ਹੈ, ਫਿਰ ਵੀ ਬੱਚੇ ਇਸ ਦੇ ਜਜ਼ਬਿਆਂ ਦੀ ਪਰਵਾਹ ਨਹੀਂ ਕਰਦੇ। ਸ਼ਾਇਦ ਉਨ੍ਹਾਂ ਨੂੰ ਅਹਿਸਾਸ ਨਹੀਂ ਕਿ ਜੀਵਨ ਇੱਕ ਵਾਰ ਮਿਲਦਾ ਹੈ ਤੇ ਕੇਵਲ ਇੱਕ ਹੀ ਵਾਰ ਮਿਲਦਾ ਹੈ ਮਾਂ ਦਾ ਪਿਆਰ। ਇਸ ਘਣਛਾਵੇਂ ਬੂਟੇ ਦੀ ਛਾਂ ਜਿੰਨੀ ਦੇਰ ਹੈ ਮਿਲੇਗੀ, ਜਿਸ ਦਿਨ ਇਹ ਗੂਹੜੀ ਛਾਂ ਵਾਲਾ ਬੂਟਾ ਸੁੱਕ ਗਿਆ, ਉਸ ਦਿਨ ਜੀਵਨ ਦੀਆਂ ਤੱਤੀਆਂ ਹਵਾਵਾਂ ਤੋਂ ਬਚਾਉਣ ਵਾਲੀ ਕੋਈ ਹੋਰ ਛਾਂ ਨਹੀਂ ਮਿਲਣੀ। ਇਸ ਲਈ ਮਾਂ-ਪਿਆਰ ਨਿਰਾ ਦੁਨਿਆਵੀ ਤੁਹਫਿਆਂ ਦਾ ਮੁਹਤਾਜ ਨਹੀਂ ਹੁੰਦਾ, ਇਸ ਨੂੰ ਹਾਰਦਿਕ ਸਤਿਕਾਰ ਤੇ ਜਜ਼ਬਾਤ ਦੇ ਨਿੱਘ ਦੀ ਲੋੜ ਹੈ। 10

(ਅ) ਕਿਸੇ **ਇੱਕ** ਨਿਬੰਧ ਦੀ ਸਾਹਿਤਕ ਪਰਖ ਕਰੋ :

(ੳ) ਜੰਟਲਮੈਨ

(ਅ) ਕੁੱਤਿਆਂ ਦੀ ਲੜਾਈ। 10

3. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ **ਪੰਜਾਂ** ਪ੍ਰਸ਼ਨਾਂ ਦੇ ਲਘੂ ਉੱਤਰ ਦਿਓ :

(1) ਰਾਣੀ ਸੁੰਦਰਾਂ ਕਿਸ ਦੀ ਸੂਰਤ ਵੇਖ ਕੇ ਦੀਵਾਨੀ ਹੋ ਜਾਂਦੀ ਹੈ ?

(2) 'ਤੂੰ ਸਾਹਿਬ ਮੇਰਾ' ਕਾਫ਼ੀ ਦਾ ਕੇਂਦਰੀ ਭਾਵ ਬਿਆਨ ਕਰੋ।

(3) ਖ਼ਵਾਜਾ ਗੁਲਾਮ ਫ਼ਰੀਦ ਦੀ ਰਚਨਾ 'ਐ ਹੁਸਨ ਹਕੀਕੀ' ਵਿੱਚ ਕਿਹੜੇ ਹਿੰਦੂ ਦੇਵਤਿਆਂ ਦਾ ਜ਼ਿਕਰ ਆਇਆ ਹੈ ?

(4) ਰਾਜਾ ਸਲਵਾਨ ਪੁੱਤਰ ਪੂਰਨ ਦੇ ਮਿਲਾਪ ਸਮੇਂ ਖੁਸ਼ੀ ਵਿੱਚ ਕੀ ਕੁਝ ਦਾਨ ਕਰਦਾ ਹੈ ?

(5) 'ਮੰਮੀ, ਗੁੱਡੂ ਤੇ ਭਾਈਆ' ਨਿਬੰਧ ਦਾ ਲੇਖਕ ਕੌਣ ਹੈ ?

(6) ਮਨਸੂਰੇ ਨੇ ਲੇਖਕ ਨੂੰ ਪੜਨ ਤੋਂ ਜਵਾਬ ਕਿਉਂ ਦਿੱਤਾ ?

(7) ਲੇਖਕ ਅਨੁਸਾਰ ਕਿਹੜੀ ਚੀਜ਼ ਮਨੁੱਖ ਨੂੰ ਪੁਸ਼ਪ ਕੜੀਆਂ ਵਿੱਚ ਕੱਸ ਦਿੰਦੀ ਹੈ ?

(8) 'ਹਰਿਮੰਦਰ ਮੁਸਕ੍ਰਾਉਂਦਾ ਹੈ' ਲੇਖ ਵਿੱਚ ਕਿਸ ਘਟਨਾ ਦਾ ਜ਼ਿਕਰ ਹੈ ?

5×2=10

4. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ **ਚਾਰ** ਪ੍ਰਸ਼ਨਾਂ ਦੇ ਉੱਤਰ ਲਿਖੋ :

(1) ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਬਾ ਫਰੀਦ ਜੀ ਦੀ ਬਾਣੀ ਦਾ ਵੇਰਵਾ ਦਿਓ।

(2) ਗੁਰੂ ਨਾਨਕ ਕਾਲ ਦੇ ਸੂਫ਼ੀ ਕਵੀਆਂ ਸੰਬੰਧੀ ਸੰਖੇਪ ਜਾਣਕਾਰੀ ਦਿਓ।

(3) ਹੀਰ ਵਾਰਿਸ ਕਿੱਸੇ ਦੀਆਂ ਚਾਰ ਵਿਸ਼ੇਸ਼ਤਾਵਾਂ ਬਿਆਨ ਕਰੋ।

(4) ਹਾਸ਼ਮ ਨੇ ਪੰਜਾਬੀ ਵਿੱਚ ਕਿਹੜਾ ਕਿੱਸਾ ਲਿਖਿਆ ਅਤੇ ਉਸ ਦੇ ਕਿੱਸੇ ਦਾ ਅੰਤ ਕਿਹੋ ਜਿਹਾ ਹੈ ?

(5) ਕਾਦਰਯਾਰ ਦੇ ਜੀਵਨ ਕਾਲ ਅਤੇ ਰਚਨਾ ਸੰਬੰਧੀ ਜਾਣਕਾਰੀ ਦਿਓ।

(6) ਬੁੱਲੇ ਸ਼ਾਹ ਦੇ ਮੁਰਸ਼ਦ ਦਾ ਨਾਂ ਅਤੇ ਉਸ ਦੀਆਂ ਕਾਫ਼ੀਆਂ ਦਾ ਵਿਸ਼ਾ ਬਿਆਨ ਕਰੋ। 5×4=20

5. ਕਿਸੇ **ਇੱਕ** ਸਿਧਾਂਤ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ :

(1) ਅਰਸਤੂ ਦਾ ਅਨੁਕਰਨ ਸਿਧਾਂਤ

(2) ਮਨੋਵਿਸ਼ਲੇਸ਼ਣੀ ਵਿਧੀ। 10

6. ਕਿਸੇ **ਇੱਕ** ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ :

(1) ਭਾਸ਼ਾ ਵਿਗਿਆਨ ਦੀ ਪਰਿਭਾਸ਼ਾ ਤੇ ਖੇਤਰ

(2) ਭਾਸ਼ਾ ਵਿਗਿਆਨ ਤੇ ਮਨੋ-ਵਿਗਿਆਨ ਦਾ ਆਪਸੀ ਸੰਬੰਧ। 10